# ਯਹੂਦੀ ਧਰਮ ਗ੍ਰੰਥ: ਹਿਬਰੂ ਬਾਈਬਲ

ਯਹੂਦੀ ਧਰਮ ਗ੍ਰੰਥ ਨੂੰ ਈਸਾਈ ਦੁਨੀਆਂ ਵਿਚ 'ਪੁਰਾਣਾ ਨੇਮ' ਕਿਹਾ ਜਾਂਦਾ ਹੈ, ਪਰ ਖੁਦ ਯਹੂਦੀ ਇਸ ਲਈ 'ਹਿਬਰੂ ਬਾਈਬਲ, ਨਾਂ ਵਰਤਦੇ ਹਨ। ਇਸ ਪਰਚੇ ਵਿੱਚ 'ਹਿਬਰੂ ਬਾਈਬਲ' ਨਾਲ ਆਮ ਵਾਕਫ਼ੀਅਤ ਕਰਵਾਈ ਗਈ ਹੈ। ਇਸ ਪਰਚੇ ਲਈ ਪੰਜਾਬੀ ਭਾਸ਼ਾ ਵਿਚ ਪਵਿੱਤਰ ਬਾਈਬਲ (ਨਵਾਂ ਅਨੁਵਾਦ) ਨੂੰ ਅਧਾਰ ਬਣਾਇਆ ਗਿਆ ਹੈ, ਜੋ ਕਿ ਬਾਈਬਲ ਸੁਸਾਇਟੀ ਆਫ ਇੰਡੀਆ, ਬੰਗਲੌਰ ਤੋਂ ਛਪੀ ਹੈ ਅਤੇ ਸਹਾਇਤਾ ਲਈ ਬਾਈਬਲ ਦੇ King James Version ਨੂੰ ਵਾਚਿਆ ਗਿਆ ਹੈ।

## ਅਰਥ (Meaning)

ਯੂਨਾਨੀ ਭਾਸ਼ਾ ਨਾਲ ਸੰਬੰਧਤ ਸ਼ਬਦ 'ਬਾਈਬਲ' ਕਿਸੇ ਇਕ ਪੁਸਤਕ ਦਾ ਲਖਾਇਕ ਨਹੀਂ ਬਲਕਿ ਪੁਸਤਕਾਂ ਦਾ ਸੰਗ੍ਰਹਿ ਗ੍ਰੰਥ ਹੈ। ਇਸ ਦਾ ਇਕ ਵਚਨ- 'ਬਿਬਲੀਓਨ' (biblion) ਹੈ ਅਤੇ ਬਹੁਵਚਨ-ਬਿਬਲੀਆ (biblia)। ਬਿਬਲੀਓਨ ਦਾ ਅਰਥ ਹੈ- ਕਿਤਾਬ ਅਤੇ ਬਿਬਲੀਆ ਦਾ ਅਰਥ ਹੈ- ਕਿਤਾਬਾਂ। ਉਪਰੋਕਤ ਦੇ ਆਧਾਰ ਤੇ ਬਾਈਬਲ ਦਾ ਅਰਥ ਪਵਿੱਤਰ ਪੁਸਤਕਾਂ ਜਾਂ  ਪਵਿੱਤਰ ਪੁਸਤਕ ਹੈ।

### ਭਾਸ਼ਾ

ਹਿਬਰੂ ਬਾਈਬਲ ਦੀ ਮੂਲ ਭਾਸ਼ਾ ਹਿਬਰੂ ਹੈ, ਪਰ ਇਸ ਦੇ ਅਜ਼ਰਾ, ਯਿਰਮਿਯਾਹ ਅਤੇ ਦਾਨੀਏਲ ਪੋਥੀਆਂ ਵਿਚ ਕੁਝ ਥਾਈਂ ਬਿਬਲੀਕਲ ਆਰੈਮਿਕ ਬੋਲੀ ਆਈ ਹੈ।

### ਬਣਤਰ

ਹਿਬਰੂ ਬਾਈਬਲ ਵਿਚ ਕੁਲ 39 ਪੁਸਤਕਾਂ ਹਨ, ਜਿਨਾਂ ਦੀ ਅਨੇਕ ਪ੍ਰਕਾਰ ਵੰਡ ਕੀਤੀ ਗਈ ਹੈ, ਪਰ ਇਸ ਪੇਪਰ ਵਿਚ ਕੇਵਲ ਗ੍ਰੰਥਾਂ ਦੇ ਅਧਾਰ ਤੇ ਇਨਾਂ ਪੁਸਤਕਾਂ ਦੀ ਵੰਡ ਇਸ ਤਰ੍ਹਾਂ ਕੀਤੀ ਗਈ ਹੈ:

## ਹਿਬਰੂ ਬਾਈਬਲ

ਹਿਬਰੂ ਬਾਈਬਲ ਦੀਆਂ 39 ਪੁਸਤਕਾਂ ਨੂੰ ਤਿੰਨ ਮੁਖ ਗ੍ਰੰਥਾਂ ਵਿਚ ਵੰਡਿਆ ਗਿਆ ਹੈ, ਜਾਂ ਫਿਰ ਕਹਿ ਸਕਦੇ ਹਾਂ ਕਿ ਤਿੰਨ ਮੁਖ ਗ੍ਰੰਥਾਂ ਨੂੰ ਮਿਲਾ ਕੇ ਹਿਬਰੂ ਬਾਈਬਲ ਬਣਦਾ ਹੈ, ਜੋ ਇਸ ਤਰ੍ਹਾਂ ਹੈ:

## (ੳ) ਤੌਰੇਤ (Torah)

ਤੌਰੇਤ ਵਿਚ ਕੁਲ ਪੰਜ ਪੁਸਤਕਾਂ ਹਨ: ਉਤਪਤੀ, ਕੂਚ, ਲੇਵੀਆ, ਗਿਣਤੀ, ਵਿਵਸਥਾਸਾਰ। ਮੰਨਿਆ ਜਾਂਦਾ ਹੈ ਕਿ ਇਸ ਗ੍ਰੰਥ ਦਾ ਲੇਖਕ ਪੈਗੰਬਰ ਮੂਸਾ ਹੈ।

## (ਅ) ਨਬੀ (Prophets)

ਨਬੀ ਗ੍ਰੰਥ ਦੇ ਅੱਗੇ ਦੋ ਭਾਗ ਹਨ, ਪਹਿਲੇ ਨਬੀ ਅਤੇ ਬਾਅਦ ਵਾਲੇ ਨਬੀ। ਇਸ ਭਾਗ ਵਿਚ ਕੁਲ 21 ਪੁਸਤਕਾਂ ਹਨ : ਯਹੋਸ਼ੂਆ, ਨਿਆਈਆਂ, 1 ਸਮੂਏਲ, 2 ਸਮੂਏਲ, 1 ਰਾਜਾ, 2 ਰਾਜਾ, ਯਸਯਾਹ, ਯਿਰਮਿਯਾਹ, ਹਿਜਕੀਏਲ, ਹੋਸ਼ੇਆ, ਯੋਏਲ, ਆਮੋਸ, ਓਬਦਯਾਹ, ਯੋਨਾਹ, ਮੀਕਾਹ, ਨਹੂਮ, ਹਬਕੂਕ, ਸਫਨਯਾਹ, ਹੱਜਈ, ਜਕਰਯਾਹ, ਮਲਾਕੀ। ਪਹਿਲੇ ਭਾਗ ਵਿਚ 6 ਪੁਸਤਕਾਂ ਅਤੇ ਦੂਜੇ ਭਾਗ ਵਿਚ 15 ਪੁਸਤਕਾਂ ਸ਼ਾਮਿਲ ਹਨ।

## (ੲ) ਲਿਖਤਾਂ (Writings)

ਇਸ ਭਾਗ ਵਿਚ 13 ਪੁਸਤਕਾਂ ਹਨ : ਰੂਥ, 1 ਇਤਿਹਾਸ, 2 ਇਤਿਹਾਸ, ਅਜ਼ਰਾ, ਨਹਮਯਾਹ, ਏਸਤਰ, ਅੱਯੂਬ, ਭਜਨਾਵਲੀ, ਕਹਾਉਤਾਂ, ਉਪਦੇਸ਼ਕ, ਸਰੇਸ਼ਟ ਗੀਤ, ਵਿਰਲਾਪ, ਦਾਨੀਏਲ। ਇਸ ਭਾਗ ਦੀਆਂ ਪੁਸਤਕਾਂ ਨੂੰ ਯਹੂਦੀ ਅਤੇ ਈਸਾਈ ਇਕੋ ਜਿਨੀ ਸ਼ਰਧਾ ਨਾਲ ਆਪਣੇ ਭਜਨਾਂ ਵਿਚ ਗਾਉਂਦੇ ਹਨ।

ਅਗਲੇ ਪੰਨਿਆਂ ਉਤੇ ਉਕਤ ਪੁਸਤਕਾਂ ਦੀ ਵਿਸਥਾਰ ਨਾਲ ਜਾਣ ਪਛਾਣ ਇਸ ਪ੍ਰਕਾਰ ਹੈ:

### 1) ਉਤਪਤ (Genesis)

ਉਤਪਤ ਦਾ ਅਰਥ ਹੈ 'ਪੈਦਾਇਸ਼'। ਇਸ ਪੋਥੀ ਵਿਚ ਸ੍ਰਿਸ਼ਟੀ ਰਚਨਾ, ਮਨੁਖ ਦਾ ਮੁਢਲਾ ਜੀਵਨ, ਪਾਪ ਵਿਚ ਜਾਣਾ, ਦੁਖ ਦੀ ਸ਼ੁਰੂਆਤ ਅਤੇ ਪਰਮੇਸਰ ਦਾ ਮਨੁਖ ਨਾਲ ਵਿਵਹਾਰ ਵਰਣਨ ਕੀਤਾ ਗਿਆ ਹੈ। ਇਸ ਪੁਸਤਕ ਦੇ ਕੁਲ 50 ਅਧਿਆਇ, 96 ਸਿਰਲੇਖ ਅਤੇ 1532 ਪਦੇ ਹਨ।

### 2) ਕੂਚ (Exodus)

ਕੂਚ ਦਾ ਅਰਥ ਹੈ 'ਛਡਣਾ'। ਇਸ ਪੁਸਤਕ ਦਾ ਸੰਬੰਧ ਇਸਰਾਈਲ ਦੇ ਇਤਿਹਾਸ ਦੀ ਇਕ ਖਾਸ ਘਟਨਾ ਨਾਲ ਹੈ ਜਿਸ ਵਿਚ ਇਸਰਾਈਲ ਦੇ ਲੋਕਾਂ ਵਲੋਂ ਮਿਸਰ ਦੇਸ ਤੋਂ ਕੂਚ ਕਰਨ ਬਾਰੇ ਦੱਸਿਆ ਗਿਆ ਹੈ, ਜਿਥੇ ਉਹ ਗੁਲਾਮੀ ਦੀ ਹਾਲਤ ਵਿੱਚ ਰਹਿੰਦੇ ਸਨ। ਪੈਗੰਬਰ ਮੂਸਾ ਇਸ ਪੋਥੀ ਦਾ ਖ਼ਾਸ ਪਾਤਰ ਹੈ। ਇਸ ਪੁਸਤਕ ਵਿਚ 40 ਅਧਿਆਇ, 103 ਸਿਰਲੇਖ ਅਤੇ 1213 ਪਦੇ ਹਨ।

### 3) ਲੇਵੀਆਂ ਦੀ ਪੋਥੀ (Levitious)

ਇਸ ਪੁਸਤਕ ਵਿਚ ਲੇਵੀਆਂ ਦੀ ਪੁਰਾਤਨ ਅਰਾਧਨਾ ਅਤੇ ਧਾਰਮਿਕ ਵਿਧੀਆਂ ਦਾ ਵਰਣਨ ਕੀਤਾ ਗਿਆ ਹੈ। ਇਸ ਵਿਚ ਪਰੋਹਿਤਾਂ ਲਈ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਕਿਸ ਤਰ੍ਹਾਂ ਦੇ ਰੀਤੀ ਰਿਵਾਜਾਂ ਨਾਲ ਪਰਮੇਸ਼ਰ ਦੀ ਪਵਿੱਤਰਤਾ ਬਰਕਰਾਰ ਰਖਣੀ ਹੈ। ਇਸ ਪੋਥੀ ਵਿੱਚ 27 ਅਧਿਆਇ ਹਨ, 49 ਸਿਰਲੇਖ ਅਤੇ 658 ਪਦੇ ਹਨ।

### 4) ਗਿਣਤੀ (Numbers)

ਇਸ ਪੋਥੀ ਵਿਚ ਇਸਰਾਈਲ ਕੌਮ ਦੀ ਪਹਿਲੀ ਜਨਗਣਨਾ ਅਤੇ ਜੰਗਲ ਵਿਚ ਬਿਤਾਏ 40 ਸਾਲਾਂ ਦੇ ਸਫ਼ਰ ਦਾ ਵਰਣਨ ਹੈ। ਇਸ ਪੋਥੀ ਦੇ 36 ਅਧਿਆਇ, 84 ਸਿਰਲੇਖ ਅਤੇ 1295 ਪਦੇ ਹਨ।

### 5) ਵਿਵਸਥਾ ਸਾਰ (Deuteronomy)

ਇਸ ਪੁਸਤਕ ਵਿਚ ਮੂਸਾ ਦੁਆਰਾ ਦਿੱਤੇ ਗਏ ਉਪਦੇਸਾਂ ਨੂੰ ਤਰਤੀਬ ਵਾਰ ਦਿੱਤਾ ਗਿਆ ਹੈ, ਜੋ ਉਸਨੇ ਇਸਰਾਈਲ ਲੋਕਾਂ ਨੂੰ ਮੋਆਬ ਦੀ ਧਰਤੀ ਉਤੇ ਦਿੱਤੇ ਸਨ। ਇਸ ਪੁਸਤਕ ਵਿਚ ਉਪਦੇਸਾਂ ਦੀ ਪਾਲਣਾ ਦੇ ਨਿਯਮ, ਲਾਭਾਂ ਅਤੇ ਹਾਨੀਆਂ ਦਾ ਵਰਣਨ ਮਿਲਦਾ ਹੈ। ਇਸ ਪੁਸਤਕ ਦੇ 34 ਅਧਿਆਇ, 74 ਸਿਰਲੇਖ ਅਤੇ 989 ਪਦੇ ਹਨ।

### 6) ਯਹੋਸ਼ੁਆ (Joshua)

ਇਸ ਪੁਸਤਕ ਵਿਚ ਮੂਸਾ ਦੇ ਉਤਰਾਧਿਕਾਰੀ ਯਹੋਸ਼ੂਆ ਦੇ ਕੰਮਾਂ ਦਾ ਵਰਣਨ ਹੈ। ਇਸ ਵਿਚ ਦਸਿਆ ਗਿਆ ਹੈ ਕਿ ਕਿਵੇਂ ਇਸਰਾਈਲ ਦੀ ਕੌਮ ਯਹੋਸ਼ੂਆ ਦੀ ਅਗਵਾਈ ਵਿਚ ਕਨਾਨ ਦੇਸ ਪਹੁੰਚਦੀ ਹੈ ਅਤੇ ਕਿਵੇਂ ਉਹ ਕਨਾਨ ਦੇਸ ਨੂੰ 12 ਕਬੀਲਿਆਂ ਵਿਚ ਵੰਡਦਾ ਹੈ ਅਤੇ ਇਸਰਾਈਲੀ ਲੋਕਾਂ ਤੋਂ ਪਰਮੇਸ਼ਰ ਦੀ ਉਪਾਸਨਾ ਕਰਨ ਦਾ ਵਚਨ ਲੈਂਦਾ ਹੈ। ਇਸ ਪੁਸਤਕ ਦੇ 24 ਅਧਿਆਇ, 49 ਸਿਰਲੇਖ ਅਤੇ 658 ਪਦੇ ਹਨ।

### 7) ਨਿਆਈਆਂ ਦੀ ਪੋਥੀ (Judges)

ਇਸ ਪੁਸਤਕ ਵਿਚ ਯਹੋਸ਼ੂਆ ਤੋਂ ਮਗਰੋਂ ਹੋਏ ਬਾਰਾਂ ਇਸਰਾਈਲੀ ਆਗੂਆਂ ਦੇ ਕੰਮਾਂ ਦਾ ਵਰਣਨ ਹੈ। ਇਸ ਪੁਸਤਕ ਵਿਚ ਦਸਿਆ ਗਿਆ ਹੈ ਕਿ ਜਦੋਂ ਤੱਕ ਇਸਰਾਈਲੀ ਪਰਮੇਸ਼ਰ ਦੇ ਆਗਿਆਕਾਰੀ ਰਹਿੰਦੇ ਸਨ, ਤਾਂ ਉਹ ਅਮਨ ਚੈਨ ਨਾਲ ਰਹਿੰਦੇ ਸਨ। ਪਰ ਜਦੋਂ ਪਰਮੇਸ਼ਰ ਦੀ ਆਗਿਆ ਤੋਂ ਮੂੰਹ ਮੋੜਦੇ ਹਨ ਤਾਂ ਉਹ ਤਬਾਹੀ ਦਾ ਮੂੰਹ ਦੇਖਦੇ ਹਨ। ਇਸ ਪੁਸਤਕ ਵਿਚ ਕੁਲ 21 ਅਧਿਆਇ, 41 ਸਿਰਲੇਖ ਅਤੇ 630 ਪਦੇ ਹਨ।

### 8) ਰੂਥ (Ruth)

ਰੂਥ ਦੀ ਸਾਂਤਮਈ ਕਹਾਣੀ ਦਾ ਸੰਬੰਧ ਨਿਆਈਆਂ ਦੇ ਅਸ਼ਾਂਤਮਈ ਸਮੇਂ ਨਾਲ ਹੈ। ਰੂਥ ਇਕ ਮੋਆਬੀ ਔਰਤ ਸੀ, ਜਿਸਨੇ ਇਕ ਇਸਰਾਈਲੀ ਆਦਮੀ ਨਾਲ ਵਿਆਹ ਕੀਤਾ ਸੀ। ਰੂਥ ਦੇ ਵੰਸ਼ ਤੋਂ ਦਾਊਦ ਦਾ ਜਨਮ ਹੁੰਦਾ ਹੈ। ਇਸ ਪੁਸਤਕ ਦੇ 4 ਅਧਿਆਇ, 6 ਸਿਰਲੇਖ ਅਤੇ 85 ਪਦੇ ਹਨ।

**9) 1 ਸਮੂਏਲ (1 samuel)**

ਇਸ ਪੋਥੀ ਦੇ ਆਰੰਭ ਵਿਚ ਹੀ ਸਮੂਏਲ ਦੇ ਜਨਮ ਬਾਰੇ ਦਸਿਆ ਗਿਆ ਹੈ ਕਿ ਇਫ਼ਰਾਈਮ ਦੇ ਪਹਾੜੀ ਇਲਾਕੇ ਦੇ ਨਗਰ ਰਾਮਾਤੈਮ ਸੋਫ਼ੀਮ ਵਿਚ ਅਲਕਾਨਾਹ ਦੀ ਪਤਨੀ ਹੰਨਾਹ ਦੀ ਕੁਖੋਂ ਸਮੂਏਲ ਦਾ ਜਨਮ ਹੋਇਆ। ਇਸ ਪੁਸਤਕ ਦੇ 31 ਅਧਿਆਇ, 52 ਸਿਰਲੇਖ ਅਤੇ 810 ਪਦੇ ਹਨ।

**10) 2 ਸਮੂਏਲ (2 samuel)**

ਇਸ ਪੁਸਤਕ ਵਿਚ ਦਸਿਆ ਗਿਆ ਹੈ ਕਿ ਕਿਸ ਤਰ੍ਹਾਂ ਦਾਊਦ ਨੂੰ ਆਪਣੇ ਰਾਜ ਨੂੰ ਪੱਕਿਆਂ ਕਰਨ ਲਈ ਆਪਣੇ ਵੈਰੀਆਂ ਨਾਲ ਟੱਕਰ ਲੈਣੀ ਪਈ। ਇਸ ਪੁਸਤਕ ਅਨੁਸਾਰ ਦਾਊਦ ਪਰਮਾਤਮਾ ਵਿਚ ਵਿਸ਼ਵਾਸ ਰੱਖਣ ਵਾਲਾ ਅਤੇ ਉਸਦੀ ਪੂਜਾ ਕਰਨ ਵਾਲਾ ਹੈ। ਇਸ ਦੇ ਨਾਲ ਹੀ ਦਾਊਦ ਦੇ ਜੀਵਨ ਦਾ ਦੂਜਾ ਪੱਖ ਵੀ ਦਸਿਆ ਗਿਆ ਹੈ ਕਿ ਉਹ ਆਪਣੀ ਇੱਛਾ ਪੂਰਤੀ ਲਈ ਵੱਡੇ ਤੋਂ ਵੱਡਾ ਪਾਪ ਵੀ ਕਰ ਸਕਦਾ ਹੈ। ਇਸ ਪੁਸਤਕ ਦੇ 24 ਅਧਿਆਇ, 50 ਸਿਰਲੇਖ ਅਤੇ 695 ਪਦੇ ਹਨ।

**11) 1 ਰਾਜਾ (1 kings)**

ਇਸ ਪੁਸਤਕ ਵਿਚ ਰਾਜਾ ਸੁਲੇਮਾਨ ਦਾ ਆਪਣੇ ਪਿਤਾ ਦਾਊਦ ਦੀ ਥਾਂ ਯਹੂਦਾਹ ਅਤੇ ਇਸਰਾਈਲ ਦਾ ਰਾਜਾ ਬਣਨਾ ਅਤੇ ਦਾਊਦ ਦੀ ਮੌਤ ਬਾਰੇ ਜ਼ਿਕਰ ਹੈ। ਇਸ ਪੁਸਤਕ ਵਿਚ 22 ਅਧਿਆਇ, 67 ਸਿਰਲੇਖ ਅਤੇ 816 ਪਦੇ ਹਨ।

**12) 2 ਰਾਜਾ (2 kings)**

ਇਸ ਪੁਸਤਕ ਵਿਚ ਕੁਝ ਸੁਧਾਰਵਾਦੀ ਰਾਜਿਆਂ ਦਾ ਜ਼ਿਕਰ ਹੈ। ਇਸ ਪੁਸਤਕ ਦੇ 25 ਅਧਿਆਇ, 69 ਸਿਰਲੇਖ ਅਤੇ 718 ਪਦੇ ਹਨ।

**13) 1 ਇਤਿਹਾਸ (1 Chronicles)**

ਇਸ ਪੁਸਤਕ ਵਿਚ ਦੱਸਿਆ ਗਿਆ ਹੈ ਕਿ ਬੇਸ਼ਕ ਇਸਰਾਈਲ ਅਤੇ ਯਹੂਦਾਹ ਦੇ ਰਾਜਾਂ ਦਾ ਬੁਰਾ ਹਾਲ ਹੋਇਆ ਹੈ, ਪਰ ਪਰਮੇਸ਼ਰ ਉਨਾਂ ਲੋਕਾਂ ਨਾਲ ਕੀਤੀ ਆਪਣੀ ਪ੍ਰਤਿਗਿਆ ਪੂਰੀ ਕਰਦਾ ਹੈ ਅਤੇ ਉਨਾਂ ਦੀ ਰੱਖਿਆ ਕਰਦਾ ਹੈ। ਇਸ ਪੁਸਤਕ ਵਿਚ ਕੁਲ 29 ਅਧਿਆਇ, 81 ਸਿਰਲੇਖ ਅਤੇ 912 ਪਦੇ ਹਨ।

**14) 2 ਇਤਿਹਾਸ (2 Chronicles)**

ਇਸ ਪੁਸਤਕ ਵਿਚ ਰਾਜਾ ਸੁਲੇਮਾਨ ਦਾ ਰਾਜ, ਉਸਦੀ ਮੌਤ ਅਤੇ ਸੁਲੇਮਾਨ ਦੇ ਪੁੱਤਰ ਵਿਰੁੱਧ ਵਿਦਰੋਹ ਦਾ ਬਿਆਨ ਦਰਜ਼ ਹੈ। ਇਸ ਪੁਸਤਕ ਦੇ 36 ਅਧਿਆਇ, 80 ਸਿਰਲੇਖ ਅਤੇ 787 ਪਦੇ ਹਨ।

**15) ਅਜ਼ਰਾ (Ezra)**

ਇਹ ਪੁਸਤਕ ਅਜ਼ਰਾ ਨਾਮ ਦੇ ਪੁਰੋਹਿਤ ਬਾਰੇ ਹੈ। ਉਹ ਲੋਕਾਂ ਦੀ ਵਿਵਸਥਾ ਜਾਣ ਕੇ, ਉਹਨਾਂ ਦੇ ਧਾਰਮਿਕ ਅਤੇ ਸਮਾਜਿਕ ਜੀਵਨ ਨੂੰ ਸੁਧਾਰਦਾ ਹੈ। ਉਹ ਇਸਰਾਈਲ ਦੇ ਆਤਮਿਕ ਵਿਰਸੇ ਦੀ ਰਾਖੀ ਵੀ ਕਰਦਾ ਹੈ। ਇਸ ਪੁਸਤਕ ਦੇ 10 ਅਧਿਆਇ, 22 ਸਿਰਲੇਖ ਅਤੇ 280 ਪਦੇ ਹਨ।

**16) ਨਹਮਯਾਹ (Nehemian)**

ਇਸ ਪੁਸਤਕ ਵਿਚ ਦਸਿਆ ਗਿਆ ਹੈ ਕਿ ਯਰੂਸ਼ਲਮ ਸ਼ਹਿਰ ਦੀ ਚਾਰ ਦੀਵਾਰੀ ਦੀ ਦੁਬਾਰਾ ਉਸਾਰੀ ਨਹਮਯਾਹ ਦੀ ਅਗਵਾਈ ਵਿਚ ਕੀਤੀ ਜਾਂਦੀ ਹੈ। ਨਹਮਯਾਹ ਇਕ ਰਾਜਸੀ ਨੌਕਰ ਸੀ, ਜਿਸਨੇ ਯਰੂਸ਼ਲਮ ਲਈ ਕਾਫੀ ਕੰਮ ਕੀਤੇ। ਇਹ ਯਹੂਦੀ ਲੋਕਾਂ ਨੂੰ ਮੁੜ ਮਜ਼ਹਬ ਵਿਚ ਲਿਆਉਣ ਲਈ ਪ੍ਰੇਰਦਾ ਹੈ। ਇਸ ਪੁਸਤਕ ਦੇ 13 ਅਧਿਆਇ, 30 ਸਿਰਲੇਖ ਅਤੇ 406 ਪਦੇ ਹਨ।

**17) ਏਸਤਰ (Esther)**

ਇਸ ਪੁਸਤਕ ਵਿਚ ਏਸਤਰ ਨਾਂ ਦੀ ਇਕ ਯਹੂਦੀ ਲੜਕੀ ਬਾਰੇ ਦੱਸਿਆ ਗਿਆ ਹੈ ਜੋ ਕਿ ਫਾਰਸ ਦੇ ਰਾਜਾ ਦੀ ਪਟਰਾਣੀ ਬਣੀ। ਇਹ ਆਪਣੀ ਦਲੇਰੀ ਅਤੇ ਸ਼ਰਧਾ ਕਾਰਨ ਆਪਣੇ ਲੋਕਾਂ ਨੂੰ ਨਾਸ ਹੋਣ ਤੋਂ ਬਚਾਉਂਦੀ ਹੈ। ਇਸ ਪੁਸਤਕ ਦੇ 10 ਅਧਿਆਇ, 13 ਸਿਰਲੇਖ ਅਤੇ 168 ਪਦੇ ਹਨ।

**18) ਅੱਯੂਬ (Job)**

ਇਸ ਪੁਸਤਕ ਵਿਚ ਨੇਕੀ ਤੇ ਬਦੀ ਦਾ ਘੋਲ ਦਿਖਾਇਆ ਗਿਆ ਹੈ ਅਤੇ ਇਹ ਪੁਸਤਕ ਨਬੀ ਅੱਯੂਬ ਦੀ ਰਚਨਾ ਹੈ। ਪਹਿਲਾਂ ਅੱਯੂਬ ਅਨੇਕਾਂ ਦੁੱਖ ਸਹਿੰਦਾ ਹੈ, ਪਰ ਅੰਤ ਵਿਚ ਉਸਨੂੰ ਪਰਮੇਸ਼ਰ ਦੀ ਅਸੀਸ ਪ੍ਰਾਪਤ ਹੁੰਦੀ ਹੈ। ਇਸ ਪੁਸਤਕ ਦੇ 42 ਅਧਿਆਇ, 13 ਸਿਰਲੇਖ ਅਤੇ 1076 ਪਦੇ ਹਨ।

**19) ਭਜਨਾਵਲੀ (Psalms)**

ਇਸ ਪੁਸਤਕ ਵਿਚ ਭਜਨ ਅਤੇ ਪ੍ਰਾਰਥਨਾਵਾਂ ਹਨ। ਇਸਰਾਈਲੀ ਲੋਕਾਂ ਨੇ ਆਪਣੀ ਪੂਜਾ ਅਰਾਧਨਾ ਲਈ ਇਹਨਾਂ ਦੀ ਵਰਤੋਂ ਕੀਤੀ, ਜਿਸ ਕਾਰਨ ਇਹ ਪੁਸਤਕ ਉਹਨਾਂ ਦੇ ਧਰਮ ਗ੍ਰੰਥ ਦਾ ਹਿਸਾ ਬਣ ਗਈ। ਇਸ ਪੁਸਤਕ ਦੇ 150 ਅਧਿਆਇ, 177 ਸਿਰਲੇਖ ਅਤੇ 2208 ਪਦੇ ਹਨ।

**20) ਕਹਾਉਤਾਂ (Proverbs)**

ਇਸ ਪੁਸਤਕ ਵਿਚ ਅਖਾਣਾਂ ਅਤੇ ਕਹਾਉਤਾਂ ਦੇ ਰੂਪ ਵਿੱਚ ਨੈਤਿਕ ਅਤੇ ਧਾਰਮਿਕ ਸਿੱਖਿਆਵਾਂ ਦਿਤਿਆਂ ਗਈਆਂ ਹਨ। ਇਹਨਾਂ ਵਿਚ ਮਨੁਖ ਨੂੰ ਬੁਰਾਈਆਂ ਦਾ ਤਿਆਗ ਅਤੇ ਚੰਗੀਆਂ ਗੱਲਾਂ ਅਪਨਾਉਣ ਦੀ ਸਿੱਖਿਆ ਦਿੱਤੀ ਗਈ ਹੈ। ਇਸ ਪੁਸਤਕ ਦੇ 31 ਅਧਿਆਇ, 20 ਸਿਰਲੇਖ ਅਤੇ 914 ਪਦੇ ਹਨ।

**21) ਉਪਦੇਸ਼ਕ (Ecclesiastes)**

ਇਸ ਪੁਸਤਕ ਵਿਚ ਇਕ 'ਫਿਲਾਸਫਰ' ਦੇ ਵਿਚਾਰ ਹਨ, ਜੋ ਮਨੁਖੀ ਜੀਵਨ ਦੀ ਬੜੀ ਛਾਣ-ਬੀਣ ਕਰਕੇ ਦਸਦਾ ਹੈ ਕਿ 'ਜੀਵਨ ਵਿਅਰਥ ਹੈ'। ਉਹ ਲੋਕਾਂ ਨੂੰ ਸਲਾਹ ਦਿੰਦਾ ਹੈ ਕਿ ਉਹ ਦਿਲ ਲਾ ਕੇ ਮਿਹਨਤ ਕਰਨ ਅਤੇ ਜਦੋਂ ਤੱਕ ਉਹਨਾਂ ਦਾ ਜੀਵਨ ਹੈ ਉਸ ਸਮੇਂ ਤੱਕ ਪਰਮੇਸ਼ਰ ਦੀਆਂ ਦਿੱਤੀਆਂ ਸੁਗਾਤਾਂ ਦੀ ਵਰਤੋਂ ਕਰਨ। ਇਸ ਪੁਸਤਕ ਦੇ 12 ਅਧਿਆਇ, 13 ਸਿਰਲੇਖ ਅਤੇ 225 ਪਦੇ ਹਨ।

**22) ਸਰੇਸ਼ਟ ਗੀਤ (Songs of Solomon)**

ਇਸ ਪੁਸਤਕ ਵਿਚ ਪਤੀ-ਪਤਨੀ ਦੇ ਪਿਆਰ ਤੇ ਪਰਿਵਾਰਕ ਜੀਵਨ ਬਾਰੇ ਦਸਿਆ ਗਿਆ ਹੈ ਅਤੇ ਇਹਨਾਂ ਗੀਤਾਂ ਨੂੰ ਯਹੂਦੀ ਲੋਕ ਬੰਦਗੀ ਸਮੇਂ ਗਾਉਂਦੇ ਹਨ। ਇਸ ਪੁਸਤਕ ਦੇ 8 ਅਧਿਆਇ, 8 ਸਿਰਲੇਖ ਅਤੇ 117 ਪਦੇ ਹਨ।

**23) ਯਸਾਯਾਹ (Isaiah)**

ਇਸ ਪੁਸਤਕ ਵਿਚ ਦਸਿਆ ਗਿਆ ਹੈ ਕਿ ਯਸਾਯਾਹ ਇਕ ਪ੍ਰਸਿਧ ਨਬੀ ਸੀ, ਜੋ ਕਿ ਇਸਰਾਈਲੀ ਕੌਮ ਨੂੰ ਆਉਣ ਵਾਲੇ ਮਸੀਹ ਬਾਰੇ ਵੀ ਰਹੱਸਮਈ ਭਵਿੱਖ ਬਾਣੀਆਂ ਕਰਦਾ ਹੈ। ਉਹ ਲੋਕਾਂ ਨੂੰ ਦਸਦਾ ਹੈ ਜੋ ਪਰਮੇਸ਼ਰ ਦੇ ਕਹੇ ਨੂੰ ਨਹੀਂ ਮੰਨਣਗੇ, ਉਹਨਾਂ ਨੂੰ ਤਬਾਹੀ ਦਾ ਮੂੰਹ ਦੇਖਣਾ ਪਵੇਗਾ। ਇਸ ਪੁਸਤਕ ਦੇ 66 ਅਧਿਆਇ, ਲੱਗਭਗ 122 ਸਿਰਲੇਖ ਅਤੇ 1260 ਪਦੇ ਹਨ।

**24) ਯਿਰਮਿਯਾਹ (Jeremiah)**

ਇਸ ਪੁਸਤਕ ਵਿਚ ਦਸਿਆ ਗਿਆ ਹੈ ਕਿ ਯਿਰਮਿਯਾਹ ਇਸਰਾਈਲੀ ਲੋਕਾਂ ਦੇ ਪਾਪਾਂ ਵਿਚ ਪੈ ਜਾਣ ਕਰਕੇ ਬਹੁਤ ਜਿਆਦਾ ਫਿਕਰਮੰਦ ਸੀ। ਉਸਨੇ ਲੋਕਾਂ ਨੂੰ ਚਿਤਾਵਨੀ ਦਿੱਤੀ ਕਿ ਉਹਨਾਂ ਦੇ ਪਾਪਾਂ ਅਤੇ ਵਿਭਚਾਰ ਕਾਰਨ ਬਹੁਤ ਵੱਡੀ ਬਿਪਤਾ ਆਵੇਗੀ। ਯਿਰਮਿਯਾਹ ਬਹੁਤ ਭਾਵੁਕ ਆਦਮੀ ਸੀ, ਜੋ ਆਪਣੇ ਲੋਕਾਂ ਨੂੰ ਬਹੁਤ ਪਿਆਰ ਕਰਦਾ ਸੀ। ਉਹ ਲੋਕਾਂ ਦੀ ਧਾਰਮਿਕ ਹਾਲਤ ਵੇਖ ਕੇ ਰੋ ਪੈਂਦਾ ਸੀ ਕਿ ਜਦੋਂ ਪਰਮਾਤਮਾ ਉਹਨਾਂ ਨੂੰ ਸਜ਼ਾ ਦੇਵੇਗਾ ਤਾਂ ਇਹਨਾਂ ਦਾ ਕੀ ਹਾਲ ਹੋਵੇਗਾ। ਇਸ ਪੁਸਤਕ ਦੇ 52 ਅਧਿਆਇ, 134 ਸਿਰਲੇਖ ਅਤੇ 1365 ਪਦੇ ਹਨ।

**25) ਵਿਰਲਾਪ (Lamentations)**

ਇਸ ਪੁਸਤਕ ਵਿਚ ਸੋਗ ਦੇ ਗੀਤ ਹਨ ਅਤੇ ਇਹ ਵੀ ਯਿਰਮਿਯਾਹ ਦੀ ਲਿਖੀ ਹੋਈ ਹੈ। ਇਸ ਵਿਚ ਯਰੂਸ਼ਲਮ ਦੇ ਵਿਨਾਸ਼ ਦਾ ਵਰਣਨ, ਪਾਪ ਦਾ ਅਹਿਸਾਸ, ਯਿਰਮਿਯਾਹ ਦਾ ਵਿਰਲਾਪ ਅਤੇ ਇਜ਼ਰਾਈਲੀਆਂ ਨੂੰ ਪਰਮਾਤਮਾ ਵੱਲ ਪਰਤਣ ਦਾ ਆਦੇਸ਼ ਕੀਤਾ ਗਿਆ ਹੈ। ਇਸ ਪੁਸਤਕ ਦੇ 5 ਅਧਿਆਇ, 5 ਸਿਰਲੇਖ ਅਤੇ 154 ਪਦੇ ਹਨ।

**26) ਹਿਜ਼ਕੀਏਲ (Ezekiel)**

ਇਸ ਪੁਸਤਕ ਵਿਚ ਹਿਜ਼ਕੀਏਲ ਨਬੀ ਬਾਰੇ ਦਸਿਆ ਗਿਆ ਹੈ, ਜੋ ਬਾਬਲ ਵਿਚ ਇਕ ਪਰਵਾਸੀ ਦੇ ਤੌਰ ਤੇ ਰਹਿੰਦਾ ਸੀ। ਉਹ ਬਹੁਤ ਵੱਡਾ ਵਿਸ਼ਵਾਸੀ ਅਤੇ ਵੱਡੀ ਕਲਪਨਾ ਸ਼ਕਤੀ ਵਾਲਾ ਵਿਅਕਤੀ ਸੀ। ਹਿਜ਼ਕੀਏਲ ਨੇ ਯਰੂਸ਼ਲਮ ਦੀ ਬਰਬਾਦੀ ਬਾਰੇ ਭਵਿੱਖਵਾਣੀ ਕੀਤੀ ਕਿ ਇਸਰਾਈਲ ਮੁੜ ਉਸ ਵਾਇਦੇ ਵਾਲੀ ਸਰਜ਼ਮੀਨ ਵਿਚ ਅਬਾਦ ਹੋਵੇਗਾ। ਹਿਜ਼ਕੀਏਲ ਪੁਰੋਹਿਤ ਅਤੇ ਨਬੀ ਸੀ, ਇਸ ਨੇ ਮੰਦਰ ਅਤੇ ਪਵਿੱਤਰਤਾ ਦੀਆਂ ਲੋੜਾਂ ਬਾਰੇ ਲੋਕਾਂ ਨੂੰ ਦਸਿਆ। ਇਸ ਪੁਸਤਕ ਦੇ 48 ਅਧਿਆਇ, 123 ਸਿਰਲੇਖ ਅਤੇ 1236 ਪਦੇ ਹਨ।

**27) ਦਾਨੀਏਲ (Daniel)**

ਇਸ ਪੁਸਤਕ ਦੀ ਰਚਨਾ ਉਸ ਸਮੇਂ ਹੋਈ, ਜਦੋਂ ਯਹੂਦੀ ਲੋਕ ਵਿਦੇਸ਼ੀ ਰਾਜੇ ਦੇ ਹੱਥੋਂ ਭਿਅੰਕਰ ਦੁਖ ਅਤੇ ਅਤਿਆਚਾਰ ਸਹਿ ਰਹੇ ਹਨ। ਇਸ ਵਿਚ ਲੇਖਕ ਨੇ ਲੋਕਾਂ ਨੂੰ ਇਹ ਵਿਸ਼ਵਾਸ ਦੁਆਇਆ ਕਿ ਪਰਮੇਸ਼ਰ ਉਹਨਾਂ ਉਤੇ ਹੋਣ ਵਾਲੇ ਅੱਤਿਆਚਾਰਾਂ ਨੂੰ ਖਤਮ ਕਰਕੇ ਮੁੜ ਲੋਕਾਂ ਉੱਤੇ ਆਪਣਾ ਸ਼ਾਸਨ ਕਾਇਮ ਕਰੇਗਾ। ਇਸ ਵਿਚ ਦਸਿਆ ਗਿਆ ਹੈ ਕਿ ਦਾਨੀਏਲ ਨੂੰ ਬਹੁਤ ਕਸ਼ਟ ਦਿੱਤੇ ਜਾਂਦੇ ਸਨ ਪਰ ਉਹ ਪਰਮੇਸ਼ਰ ਦੀ ਕਿਰਪਾ ਸਦਕਾ ਬਚ ਜਾਂਦਾ ਹੈ। ਇਸ ਪੁਸਤਕ ਦੇ 12 ਅਧਿਆਇ, 27 ਸਿਰਲੇਖ ਅਤੇ 357 ਪਦੇ ਹਨ।

**28) ਹੋਸ਼ੇਆ (Hosea)**

ਇਸ ਪੁਸਤਕ ਵਿਚ ਹੋਸ਼ੇਆ ਦਾ ਗੋਮਰ ਨਾਲ ਵਿਆਹ, ਉਸਦੀ ਪਤਨੀ ਗੋਮਰ ਦਾ ਉਸ ਨਾਲ ਵਿਸ਼ਵਾਸ ਘਾਤ ਕਰਨਾ, ਇਸਰਾਈਲੀਆਂ ਪ੍ਰਤੀ ਪਰਮਾਤਮਾ ਦਾ ਕ੍ਰੋਧ ਆਦਿ ਬਾਰੇ ਜ਼ਿਕਰ ਹੈ। ਹੋਸ਼ੇਆ ਨੂੰ ਲੋਕਾਂ ਦੇ ਬੁਤ ਪੂਜਾ ਕਰਨ ਅਤੇ ਪਰਮੇਸ਼ਰ ਨਾਲ ਕੀਤੇ ਵਿਸ਼ਵਾਸ ਘਾਤ ਦੀ ਬਹੁਤ ਚਿੰਤਾ ਸੀ। ਉਸਨੇ ਇਸਰਾਈਲੀ ਕੌਮ ਨੂੰ ਤਾੜਨਾ ਕੀਤੀ ਕਿ ਜੇ ਉਨ੍ਹਾਂ ਨੇ ਪਾਪ ਵਲੋਂ ਮੂੰਹ ਨਾ ਮੋੜਿਆਂ ਤਾਂ ਉਹਨਾਂ ਨੂੰ ਸਜ਼ਾ ਮਿਲੇਗੀ। ਇਸ ਪੁਸਤਕ ਦੇ 14 ਅਧਿਆਇ, 26 ਸਿਰਲੇਖ ਅਤੇ 197 ਪਦੇ ਹਨ।

**29) ਯੋਏਲ (Joel)**

ਯੋਏਲ ਨਬੀ ਦੇ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਇਸ ਪੁਸਤਕ ਵਿਚ ਸੋਕੇ ਅਤੇ ਟਿੱਡੀਆਂ ਦੀ ਆਫ਼ਤ, ਪਛਤਾਵੇ ਲਈ ਬੁਲਾਵਾ ਅਤੇ ਪਛਤਾਵੇ ਮਗਰੋਂ ਉਧਾਰ ਆਦਿ ਬਾਰੇ ਜ਼ਿਕਰ ਹੈ। ਇਸ ਪੁਸਤਕ ਦੇ 3 ਅਧਿਆਇ, 7 ਸਿਰਲੇਖ ਅਤੇ 73 ਪਦੇ ਹਨ।

**30) ਆਮੋਸ (Amos)**

ਆਮੋਸ ਨਬੀ ਯਹੂਦਾਹ ਦੇ ਇਲਾਕੇ ਦਾ ਰਹਿਣ ਵਾਲਾ ਸੀ, ਉਸਨੇ ਇਸਰਾਈਲ ਦੇ ਉੱਤਰੀ ਰਾਜ ਵਿਚ ਪ੍ਰਚਾਰ ਕੀਤਾ। ਆਮੋਸ ਨੂੰ ਇਸ ਗੱਲ ਦਾ ਦੁੱਖ ਹੋਇਆ ਕਿ ਖੁਸਹਾਲੀ ਨੂੰ ਕੁਝ ਅਮੀਰ ਲੋਕ ਹੀ ਮਾਣ ਰਹੇ ਹਨ ਜਦੋ ਕਿ ਗਰੀਬਾਂ ਨਾਲ ਅਤਿਆਚਾਰ ਹੋ ਰਿਹਾ ਹੈ। ਉਸਨੇ ਲੋਕਾਂ ਨੂੰ ਸਿਖਿਆ ਦਿਤੀ ਕਿ ਵਗਦੇ ਪਾਣੀ ਵਾਂਗ ਨਿਆਂ ਨੂੰ ਵਗਣ ਦੇਵੋ, ਤਾਂ ਸ਼ਾਇਦ ਪ੍ਰਭੂ ਦਇਆ ਕਰ ਦੇਵੇ। ਇਸ ਪੁਸਤਕ ਦੇ ਕੁਲ 9 ਅਧਿਆਇ, 21 ਸਿਰਲੇਖ ਅਤੇ 145 ਪਦੇ ਹਨ।

**31) ਓਬਦਯਾਹ (Obadian)**

ਇਸ ਪੋਥੀ ਵਿਚ ਓਬਦਯਾਹ ਨਬੀ ਯਹੂਦਾਹ ਤੇ ਇਸਰਾਈਲ ਦੇ ਮੁੜ ਮਿਲਾਪ ਹੋ ਜਾਣ-ਬਾਰੇ ਵਰਣਨ ਕਰਦਾ ਹੈ ਕਿ ਇਹ ਫਿਰ ਇਕ ਕੌਮ ਹੋ ਜਾਣਗੀਆਂ। ਇਸ ਪੁਸਤਕ ਦਾ 1 ਅਧਿਆਇ, 4 ਸਿਰਲੇਖ ਅਤੇ 21 ਪਦੇ ਹਨ।

**32) ਯੋਨਾਹ (Jonah)**

ਇਸ ਪੁਸਤਕ ਵਿਚ ਯੋਨਾਹ ਦੁਆਰਾ ਪਰਮਾਤਮਾ ਦੀ ਆਗਿਆ ਦੀ ਉਲੰਘਣਾ, ਯੋਨਾਹ ਦਾ ਪਛਤਾਵਾ ਅਤੇ ਛੁਟਕਾਰਾ ਆਦਿ ਦਾ ਜ਼ਿਕਰ ਹੈ। ਇਸ ਪੁਸਤਕ ਦੇ ਕੁਲ 4 ਅਧਿਆਇ, 4 ਸਿਰਲੇਖ ਅਤੇ 48 ਪਦੇ ਹਨ।

**33) ਮੀਕਾਹ (Micah)**

ਮੀਕਾਹ ਨਬੀ ਯਸਾਯਾਹ ਦੇ ਸਮੇਂ ਹੋਇਆ ਸੀ, ਜੋ ਯਹੂਦਾਹ ਦੇ ਇਕ ਪਿੰਡ ਦਾ ਰਹਿਣ ਵਾਲਾ ਸੀ। ਇਸ ਪੁਸਤਕ ਵਿਚ ਸਮਾਜਿਕ ਨਿਆਂ ਉਪਰ ਰੋਸ਼ਨੀ ਪਾਈ ਗਈ ਹੈ ਅਤੇ ਮਸੀਹ ਦੇ ਆਉਣ ਬਾਰੇ ਭਵਿਖਵਾਣੀ ਕੀਤੀ ਗਈ ਹੈ। ਇਸ ਪੁਸਤਕ ਦੇ ਕੁਲ 7 ਅਧਿਆਇ, 12 ਸਿਰਲੇਖ ਅਤੇ 105 ਪਦੇ ਹਨ।

### 34) ਨਹੂਮ (Nahum)

ਇਸ ਪੁਸਤਕ ਵਿਚ ਨੀਨਵਾਹ ਦੇ ਵਿਰੁਧ ਪ੍ਰਭੂ ਦਾ ਕ੍ਰੋਧ ਬਿਆਨ ਕੀਤਾ ਗਿਆ ਹੈ ਅਤੇ ਨੀਨਵਾਹ ਦੀ ਤਬਾਹੀ ਦਾ ਜ਼ਿਕਰ ਹੈ। ਇਸ ਪੁਸਤਕ ਦੇ ਕੁਲ 3 ਅਧਿਆਇ, 2 ਸਿਰਲੇਖ ਅਤੇ 47 ਪਦੇ ਹਨ।

### 35) ਹੱਬਕੂਕ (Habakkuk)

ਇਸ ਪੁਸਤਕ ਵਿਚ ਦਸਿਆ ਗਿਆ ਹੈ ਕਿ ਹੱਬਕੂਕ ਨਬੀ ਅੱਤਿਆਚਾਰ ਨੂੰ ਦੇਖ ਕੇ ਬਹੁਤ ਦੁਖੀ ਹੁੰਦਾ ਹੈ ਅਤੇ ਪਰਮਾਤਮਾ ਅਗੇ ਗਿਲਾ ਪ੍ਰਗਟ ਕਰਦਾ ਹੈ। ਇਸ ਪੁਸਤਕ ਦੇ ਅੰਤ ਵਿਚ ਹੰਕਾਰੀਆਂ ਦਾ ਅੰਤ ਦਿਖਾਇਆ ਗਿਆ ਹੈ। ਇਸ ਪੁਸਤਕ ਦੇ ਕੁਲ 3 ਅਧਿਆਇ, 6 ਸਿਰਲੇਖ ਅਤੇ 56 ਪਦੇ ਹਨ।

### 36) ਸਫ਼ਨਯਾਹ (Zephaniah)

ਇਸ ਪੁਸਤਕ ਦੇ ਵਿਚ ਲੋਕਾਂ ਨੂੰ ਤੋਬਾ ਕਰਨ ਬਾਰੇ ਕਿਹਾ ਗਿਆ ਹੈ ਤਾਂ ਕਿ ਉਹ ਕਿਆਮਤ ਦੇ ਦਿਨ ਤੋਂ ਬਚ ਜਾਣ। ਇਸ ਵਿਚ ਪ੍ਰਭੂ ਦੀ ਕਰੋਪੀ ਦਾ ਜ਼ਿਕਰ ਹੈ ਅਤੇ ਦਸਿਆ ਗਿਆ ਹੈ ਕਿ ਬੇਸ਼ਕ ਯਰੂਸ਼ਲਮ ਤਬਾਹ ਹੋ ਚੁਕਾ ਹੈ, ਪਰ ਸਮਾਂ ਆਉਣ ਤੇ ਉਸਦੀ ਉਸਾਰੀ ਹੋਵੇਗੀ ਅਤੇ ਭਲੇ ਲੋਕ ਉਥੇ ਰਹਿਣਗੇ। ਇਸ ਪੁਸਤਕ ਦੇ ਕੁਲ 3 ਅਧਿਆਇ, 5 ਸਿਰਲੇਖ ਅਤੇ 56 ਪਦੇ ਹਨ।

### 37) ਹੱਜਈ (Haggai)

ਇਸ ਪੁਸਤਕ ਵਿਚ ਪਰਮਾਤਮਾ ਦੇ ਮੰਦਰ ਦੀ ਮੁੜ ਉਸਾਰੀ, ਲੋਕਾਂ ਦਾ ਪਰਮਾਤਮਾ ਦੀ ਆਗਿਆ ਮੰਨਣਾ ਅਤੇ ਖੁਦਾ ਆਪਣੇ ਕੀਤੇ ਹੋਏ ਇਕਰਾਰ ਬਾਰੇ ਦਸਦਾ ਹੈ ਯਹੋਵਾਹ ਆਪਣੇ ਲੋਕਾਂ ਨੂੰ ਅਸੀਰਵਾਦ ਦੇਵੇਗਾ। ਇਸ ਪੁਸਤਕ ਦੇ ਕੁਲ 2 ਅਧਿਆਇ, 6 ਸਿਰਲੇਖ ਅਤੇ 23 ਪਦੇ ਹਨ।

### 38) ਜ਼ਕਰਯਾਹ (Zechariah)

ਇਸ ਪੁਸਤਕ ਦੇ ਵਿਚ ਪ੍ਰਭੂ ਦਾ ਆਪਣੇ ਲੋਕਾਂ ਨੂੰ ਆਪਣੇ ਕੋਲ ਵਾਪਸ ਆਉਣ ਦਾ ਸੱਦਾ ਹੈ। ਇਸ ਵਿਚ ਜ਼ਕਰਯਾਹ ਲੋਕਾਂ ਨੂੰ ਮਾੜੇ ਕਰਮਾਂ ਤੇ ਪਛਤਾਵਾ ਕਰਨ ਲਈ ਪ੍ਰੇਰਦਾ ਹੈ ਅਤੇ ਮਸੀਹ ਦੇ ਆਉਣ ਬਾਰੇ ਵੀ ਜ਼ਿਕਰ ਕਰਦਾ ਹੈ। ਇਸ ਪੁਸਤਕ ਦੇ ਕੁਲ 14 ਅਧਿਆਇ, 24 ਸਿਰਲੇਖ ਅਤੇ 211 ਪਦੇ ਹਨ।

### 39) ਮਲਾਕੀ (Malachi)

ਇਸ ਪੁਸਤਕ ਦੇ ਵਿਚ ਦਸਿਆ ਗਿਆ ਹੈ ਕਿ ਪੁਰੋਹਿਤ ਅਤੇ ਲੋਕ ਪਰਮੇਸ਼ਰ ਨੂੰ ਉਸ ਲਈ ਠਹਿਰਾਇਆ ਦਾਨ ਨਾ ਦੇ ਕੇ ਅਤੇ ਉਸਦੀਆਂ ਸਿਖਿਆਵਾਂ ਅਨੁਸਾਰ ਨਾ ਚੱਲ ਕੇ ਧੋਖਾ ਦੇ ਰਹੇ ਸਨ ਇਸ ਲਈ ਪਰਮਾਤਮਾ ਆਪ ਉਨ੍ਹਾਂ ਦਾ ਨਿਆਂ ਕਰਨ ਅਤੇ ਲੋਕਾਂ ਨੂੰ ਪਵਿੱਤਰ ਕਰਨ ਆਵੇਗਾ। ਇਹ ਪੁਰਾਣੇ ਨੇਮ ਦੀ ਅੰਤਮ ਪੁਸਤਕ ਹੈ। ਇਸ ਪੁਸਤਕ ਦੇ ਕੁਲ 4 ਅਧਿਆਇ, 7 ਸਿਰਲੇਖ ਅਤੇ 55 ਪਦੇ ਹਨ।

### ਤੱਤ ਸਾਰ

ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਹਿਬਰੂ ਬਾਈਬਲ ਵਖ-ਵਖ ਪੁਸਤਕਾਂ ਦਾ ਸੰਗ੍ਰਹਿ ਗ੍ਰੰਥ ਹੈ। ਇਸ ਮਹਾਨ ਗ੍ਰੰਥ ਦੀ ਰਚਨਾ ਅਲੱਗ ਅਲੱਗ ਸਮੇਂ ਦੌਰਾਨ ਵਖ-ਵਖ ਲਿਖਾਰੀਆਂ ਵਲੋਂ ਕੀਤੀ ਗਈ ਹੈ। ‘ਹਿਬਰੂ ਬਾਈਬਲ` ਯਹੂਦੀਆਂ ਦੇ ਇਤਿਹਾਸਕ ਅਤੇ ਧਾਰਮਿਕ ਮਾਨਤਾਵਾਂ ਨੂੰ ਆਪਣੇ ਵਿਚ ਸਮੋਈ ਬੈਠਾ ਹੈ ਅਤੇ ਇਸ ਵਿਚ ਧਰਮ, ਲੋਕ ਧਾਰਾ, ਮਿੱਥ, ਪਰੰਪਰਾਵਾਂ, ਨੈਤਿਕਤਾ, ਸਭਿਆਚਾਰ, ਰਹਿਤ-ਬਹਿਤ ਸੰਬੰਧੀ ਹਦਾਇਤਾਂ ਆਦਿ ਅਨੇਕ ਪ੍ਰਕਾਰ ਦੇ ਵਿਸ਼ੇ ਮਿਲਦੇ ਹਨ। ਇਥੇ ਮੈਂ ਸਿਰਫ਼ ਮੁਢਲੀ ਜਾਣਕਾਰੀ ਹੀ ਪੇਸ਼ ਕੀਤੀ ਹੈ।